WORKSAFEBC | ਨਿਊਜ਼ ਰਿਲੀਜ਼

# ਵਰਕਸੇਫਬੀਸੀ: ਨੌਜਵਾਨ ਵਰਕਰ ਸੁਰੱਖਿਆ ਸਬੰਧੀ ਚਿੰਤਾਵਾਂ ਜ਼ਾਹਰ ਕਰਨ ਤੋਂ ਝਿਜਕ ਸਕਦੇ ਹਨ।

*ਕੰਮ-ਮਾਲਕਾਂ ਨੂੰ ਖਤਰਾ ਘਟਾਉਣ ਲਈ ਸਿਖਲਾਈ, ਨਿਗਰਾਨੀ (ਸੁਪਰਵਿਜ਼ਨ) ਅਤੇ ਕੰਮ ਵਾਲੀ ਥਾਂ ਦੇ ਕੰਮ-ਕਾਰ ਕਰਨ ਦੇ ਮਾਹੌਲ ਨੂੰ ਮਜ਼ਬੂਤ ਕਰਨ ਲਈ ਪ੍ਰੇਰਿਤ ਕੀਤਾ ਜਾਂਦਾ ਹੈ।*

**ਰਿਚਮੰਡ, ਬੀ.ਸੀ. (23 ਜੁਲਾਈ, 2026)** — ਗਰਮੀਆਂ ਦੇ ਮਹੀਨਿਆਂ ਦੌਰਾਨ ਬਹੁਤ ਸਾਰੇ ਕੰਮ-ਮਾਲਕ ਮੌਸਮੀ ਸਟਾਫ ਨੂੰ ਨੌਕਰੀ 'ਤੇ ਰੱਖਦੇ ਹੋਣ ਕਾਰਨ, ਵਰਕਸੇਫਬੀਸੀ ਕੰਮ-ਮਾਲਕਾਂ ਨੂੰ ਯਾਦ ਦਿਵਾ ਰਿਹਾ ਹੈ ਕਿ ਨੌਜਵਾਨ ਅਤੇ ਨਵੇਂ ਵਰਕਰਾਂ ਨੂੰ ਨੌਕਰੀ ਦੇ ਸ਼ੁਰੂਆਤੀ ਮਹੀਨਿਆਂ ਦੌਰਾਨ ਕੰਮ ਵਾਲੀ ਥਾਂ 'ਤੇ ਸੱਟ ਲੱਗਣ ਦਾ ਹਾਲੇ ਵੀ ਵਧੇਰੇ ਖਤਰਾ ਬਣਿਆ ਹੋਇਆ ਹੈ।

ਸਾਲ 2025 ਵਿੱਚ, ਵਰਕਸੇਫਬੀਸੀ ਨੇ ਬੀ.ਸੀ. ਵਿੱਚ ਨੌਕਰੀ ਦੌਰਾਨ ਜ਼ਖ਼ਮੀ ਹੋਏ ਨੌਜਵਾਨ ਵਰਕਰਾਂ ਵੱਲੋਂ ਦਾਇਰ 7,000 ਤੋਂ ਵੱਧ ਕਲੇਮਾਂ ਨੂੰ ਸਵੀਕਾਰ ਕੀਤਾ। 2021 ਅਤੇ 2025 ਦੇ ਵਿਚਕਾਰ, ਕੰਮ ਵਾਲੀ ਥਾਂ 'ਤੇ ਵਾਪਰੀਆਂ ਘਟਨਾਵਾਂ ਕਾਰਨ 18 ਨੌਜਵਾਨ ਵਰਕਰਾਂ ਦੀ ਮੌਤ ਹੋ ਗਈ।

ਵਰਕਸੇਫਬੀਸੀ ਦੀ ਖੋਜ ਨੇ ਲਗਾਤਾਰ ਇਹ ਦਿਖਾਇਆ ਹੈ ਕਿ ਭਾਵੇਂ ਨੌਜਵਾਨ ਵਰਕਰ ਸੁਰੱਖਿਆ ਨੂੰ ਅਹਿਮੀਅਤ ਦਿੰਦੇ ਹਨ ਅਤੇ ਵਧੀਆ ਕੰਮ ਕਰਨਾ ਚਾਹੁੰਦੇ ਹਨ, ਫਿਰ ਵੀ ਬਹੁਤ ਸਾਰੇ ਵਰਕਰ ਅਸੁਰੱਖਿਅਤ ਕੰਮ ਬਾਰੇ ਆਵਾਜ਼ ਉਠਾਉਣ ਤੋਂ ਝਿਜਕਦੇ ਹਨ। ਵਰਕਸੇਫਬੀਸੀ ਦੀ ਨਵੀਂ ਖੋਜ ਇਸ ਦੇ ਕਾਰਨ ਦੀ ਪਛਾਣ ਕਰਦੀ ਹੈ: ਅਸਲ ਰੁਕਾਵਟ ਆਮ ਤੌਰ 'ਤੇ ਖਤਰਿਆਂ ਦੀ ਪਛਾਣ ਕਰਨ ਬਾਰੇ ਘੱਟ ਅਤੇ ਮੌਕੇ 'ਤੇ ਹੀ ਚਿੰਤਾਵਾਂ ਜ਼ਾਹਰ ਕਰਨ ਲਈ ਲੋੜੀਂਦਾ ਆਤਮ-ਵਿਸ਼ਵਾਸ ਅਤੇ ਸਮਰੱਥਾ ਮਹਿਸੂਸ ਕਰਨ ਬਾਰੇ ਵੱਧ ਹੁੰਦੀ ਹੈ—ਖਾਸ ਕਰਕੇ ਉਦੋਂ ਜਦੋਂ ਵਰਕਰਾਂ ਨੂੰ ਆਪਣੀ ਨੌਕਰੀ ਦੀ ਸੁਰੱਖਿਆ ਜਾਂ ਇਸ ਬਾਰੇ ਚਿੰਤਾ ਹੁੰਦੀ ਹੈ ਕਿ ਉਹਨਾਂ ਬਾਰੇ ਕੀ ਸੋਚਿਆ ਜਾਵੇਗਾ।

ਵਰਕਸੇਫਬੀਸੀ ਵਿਖੇ ਪ੍ਰੀਵੈਂਸ਼ਨ ਸਰਵਿਸਿਜ਼ ਦੇ ਮੁਖੀ, ਟੌਡ ਮੈਕਡੌਨਲਡ ਕਹਿੰਦੇ ਹਨ, "ਜਦੋਂ ਕੁਝ ਠੀਕ ਨਹੀਂ ਹੁੰਦਾ ਤਾਂ ਨੌਜਵਾਨ ਵਰਕਰ ਆਮ ਤੌਰ 'ਤੇ ਉਸ ਨੂੰ ਪਛਾਣ ਲੈਂਦੇ ਹਨ, ਪਰ ਇਸ ਦਾ ਹਮੇਸ਼ਾ ਮਤਲਬ ਇਹ ਨਹੀਂ ਹੁੰਦਾ ਕਿ ਉਹ ਇਸ ਬਾਰੇ ਗੱਲ ਕਰਨ ਵਿੱਚ ਸਹਿਜ ਮਹਿਸੂਸ ਕਰਦੇ ਹਨ।" "ਨੌਜਵਾਨ ਵਰਕਰ ਚੰਗਾ ਪ੍ਰਭਾਵ ਪਾਉਣ 'ਤੇ ਧਿਆਨ ਰੱਖਦੇ ਹਨ, ਜਿਸ ਕਾਰਨ ਸਵਾਲ ਪੁੱਛਣੇ, ਚਿੰਤਾਵਾਂ ਜ਼ਾਹਰ ਕਰਨੀਆਂ ਜਾਂ ਅਸੁਰੱਖਿਅਤ ਕੰਮ ਕਰਨ ਤੋਂ ਇਨਕਾਰ ਕਰਨਾ ਵਧੇਰੇ ਔਖਾ ਹੋ ਸਕਦਾ ਹੈ। ਕੰਮ ਵਾਲੀ ਥਾਂ 'ਤੇ ਅਜਿਹਾ ਮਾਹੌਲ ਸਿਰਜਣਾ ਜਿੱਥੇ ਸਵਾਲਾਂ ਦਾ ਸਵਾਗਤ ਕੀਤਾ ਜਾਂਦਾ ਹੋਵੇ ਅਤੇ ਚਿੰਤਾਵਾਂ ਨੂੰ ਗੰਭੀਰਤਾ ਨਾਲ ਲਿਆ ਜਾਂਦਾ ਹੋਵੇ, ਨੌਜਵਾਨ ਵਰਕਰਾਂ ਦੀ ਮਦਦ ਕਰਦਾ ਹੈ ਅਤੇ ਸੱਟਾਂ ਨੂੰ ਰੋਕਣ ਲਈ ਬਹੁਤ ਜ਼ਰੂਰੀ ਹੈ।"

ਹਰੇਕ ਵਰਕਰ ਨੂੰ ਕੰਮ ਵਾਲੀ ਥਾਂ 'ਤੇ ਮੌਜੂਦ ਖਤਰਿਆਂ ਬਾਰੇ ਜਾਣਨ, ਸਿਹਤ ਅਤੇ ਸੁਰੱਖਿਆ ਦੇ ਮਾਮਲਿਆਂ ਵਿੱਚ ਭਾਗ ਲੈਣ ਅਤੇ ਅਸੁਰੱਖਿਅਤ ਕੰਮ ਕਰਨ ਤੋਂ ਇਨਕਾਰ ਕਰਨ ਦਾ ਅਧਿਕਾਰ ਹੈ। ਖਤਰੇ ਦਾ ਅਸਰਦਾਰ ਢੰਗ ਨਾਲ ਪ੍ਰਬੰਧ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਵਰਕਰਾਂ ਨੂੰ ਖਤਰਿਆਂ ਦੀ ਪਛਾਣ ਕਰਨ, ਖਤਰਿਆਂ ਨੂੰ ਸਮਝਣ ਅਤੇ ਬਚਾਅ ਦੇ ਉਪਾਅ ਵਿਕਸਿਤ ਕਰਨ ਵਿੱਚ ਮਦਦ ਕਰਨ ਲਈ ਉਤਸ਼ਾਹਿਤ ਕੀਤਾ ਜਾਵੇ।

ਵਰਕਸੇਫਬੀਸੀ ਨੇ ਇੱਕ ਨਵੀਂ ਮੁਹਿੰਮ, ਬੌਟ ਨੂੰ ਪੁੱਛਣ ਤੋਂ ਪਹਿਲਾਂ, ਆਪਣੇ ਬੌਸ ਨੂੰ ਪੁੱਛੋ ਸ਼ੁਰੂ ਕੀਤੀ ਹੈ, ਜੋ ਨੌਜਵਾਨ ਵਰਕਰਾਂ ਨੂੰ ਕਿਸੇ ਅਣਜਾਣ ਜਾਂ ਸੰਭਾਵੀ ਤੌਰ 'ਤੇ ਅਸੁਰੱਖਿਅਤ ਕੰਮ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਸੁਪਰਵਾਈਜ਼ਰ ਨਾਲ ਗੱਲ ਕਰਨ ਲਈ ਉਤਸ਼ਾਹਿਤ ਕਰਦੀ ਹੈ। ਖੋਜ ਦਿਖਾਉਂਦੀ ਹੈ ਕਿ ਬਹੁਤ ਸਾਰੇ ਨੌਜਵਾਨ ਵਰਕਰ ਏ.ਆਈ. ਦੇ ਸਾਧਨਾਂ ਅਤੇ ਚੈਟਬੌਟਸ ਤੋਂ ਜਵਾਬ ਭਾਲਦੇ ਹਨ, ਇਹ ਮੁਹਿੰਮ ਇਸ ਗੱਲ 'ਤੇ ਜ਼ੋਰ ਦਿੰਦੀ ਹੈ ਕਿ ਕੰਮ ਵਾਲੀ ਥਾਂ 'ਤੇ ਸੁਰੱਖਿਆ ਦੇ ਸਵਾਲ ਕਿਸੇ ਸੁਪਰਵਾਈਜ਼ਰ ਨੂੰ ਪੁੱਛੇ ਜਾਣੇ ਚਾਹੀਦੇ ਹਨ ਜਿਹੜਾ ਉਸ ਖਾਸ ਕੰਮ ਅਤੇ ਉਸ ਦੇ ਖਤਰਿਆਂ ਨੂੰ ਸਮਝਦਾ ਹੋਵੇ। ਇਹ ਮੁਹਿੰਮ ਕੰਮ-ਮਾਲਕਾਂ ਨੂੰ ਇਹ ਵੀ ਯਾਦ ਦਿਵਾਉਂਦੀ ਹੈ ਕਿ ਕੰਮ ਵਾਲੀ ਅਜਿਹੀ ਥਾਂ ਬਣਾਉਣੀ ਜਿੱਥੇ ਸਵਾਲਾਂ ਨੂੰ ਉਤਸ਼ਾਹਿਤ ਕੀਤਾ ਜਾਂਦਾ ਹੋਵੇ ਅਤੇ ਚਿੰਤਾਵਾਂ ਦਾ ਸਵਾਗਤ ਕੀਤਾ ਜਾਂਦਾ ਹੋਵੇ, ਇੱਕ ਸਾਂਝੀ ਜ਼ਿੰਮੇਵਾਰੀ ਹੈ ਜੋ ਸੱਟਾਂ ਨੂੰ ਰੋਕਣ ਵਿੱਚ ਮਦਦ ਕਰਦੀ ਹੈ।

### ਕੰਮ-ਮਾਲਕ ਦੀਆਂ ਜ਼ਿੰਮੇਵਾਰੀਆਂ

*ਵਰਕਰਜ਼ ਕੰਪਨਸੇਸ਼ਨ ਐਕਟ* ਅਤੇ ਆਕੂਪੇਸ਼ਨਲ ਹੈਲਥ ਐਂਡ ਸੇਫਟੀ ਰੈਗੂਲੇਸ਼ਨ (ਕਿੱਤਾਮੁਖੀ ਸਿਹਤ ਅਤੇ ਸੁਰੱਖਿਆ ਨਿਯਮ) ਦੇ ਤਹਿਤ, ਕੰਮ-ਮਾਲਕਾਂ ਲਈ ਇਹ ਯਕੀਨੀ ਬਣਾਉਣਾ ਜ਼ਰੂਰੀ ਹੈ ਕਿ ਸਾਰੇ ਵਰਕਰ, ਜਿਨ੍ਹਾਂ ਵਿੱਚ ਨੌਜਵਾਨ ਅਤੇ ਨਵੇਂ ਵਰਕਰ ਸ਼ਾਮਲ ਹਨ, ਕੰਮ ਸ਼ੁਰੂ ਕਰਨ ਤੋਂ ਪਹਿਲਾਂ ਨੌਕਰੀ ਵਾਲੀ ਥਾਂ ਬਾਰੇ ਜਾਣਕਾਰੀ ਅਤੇ ਜਿਹੜਾ ਕੰਮ ਉਹਨਾਂ ਨੇ ਕਰਨਾ ਹੈ ਉਸ ਬਾਰੇ ਸਿਖਲਾਈ ਪ੍ਰਾਪਤ ਕਰਨ। ਕੰਮ-ਮਾਲਕਾਂ ਲਈ ਇਹ ਯਕੀਨੀ ਬਣਾਉਣ ਲਈ ਲਗਾਤਾਰ ਨਿਗਰਾਨੀ (ਸੁਪਰਵਿਜ਼ਨ) ਕਰਨੀ ਜ਼ਰੂਰੀ ਹੈ ਕਿ ਵਰਕਰ ਆਪਣੇ ਕੰਮ ਸੁਰੱਖਿਅਤ ਅਤੇ ਅਸਰਦਾਰ ਢੰਗ ਨਾਲ ਕਰ ਸਕਣ। ਸਿਖਲਾਈ ਵਿੱਚ ਉਹਨਾਂ ਕੰਮਾਂ ਨੂੰ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ ਜੋ ਵਰਕਰ ਕਰਨਗੇ ਅਤੇ ਉਹਨਾਂ ਖਤਰਿਆਂ ਨੂੰ ਵੀ ਜਿਨ੍ਹਾਂ ਦਾ ਉਹਨਾਂ ਨੂੰ ਸਾਹਮਣਾ ਕਰਨਾ ਪੈ ਸਕਦਾ ਹੈ ਅਤੇ ਇਸ ਸਿਖਲਾਈ ਨੂੰ ਸਮੇਂ-ਸਮੇਂ 'ਤੇ ਪੱਕਾ ਕੀਤਾ ਜਾਣਾ ਚਾਹੀਦਾ ਹੈ।

ਮੈਕਡੌਨਲਡ ਕਹਿੰਦੇ ਹਨ, "ਨੌਜਵਾਨ ਵਰਕਰਾਂ ਦੇ ਕੰਮ ਦੇ ਤਜਰਬੇ ਅਤੇ ਕੰਮ ਵਾਲੀ ਥਾਂ 'ਤੇ ਹੋਣ ਵਾਲੇ ਖਤਰਿਆਂ ਬਾਰੇ ਜਾਣਕਾਰੀ ਦੇ ਵੱਖ-ਵੱਖ ਪੱਧਰ ਹੁੰਦੇ ਹਨ। ਕੰਮ-ਮਾਲਕਾਂ ਨੂੰ ਹਰ ਵਰਕਰ ਦੀਆਂ ਲੋੜਾਂ ਮੁਤਾਬਕ ਕੰਮ ਵਾਲੀ ਥਾਂ ਬਾਰੇ ਜਾਣਕਾਰੀ ਤੇ ਸਿਖਲਾਈ ਦੇਣ ਅਤੇ ਨਿਗਰਾਨੀ ਕਰਨ ਦੇ ਤਰੀਕਿਆਂ ਵਿੱਚ ਤਬਦੀਲੀ ਕਰਨੀ ਚਾਹੀਦੀ ਹੈ, ਨਾ ਕਿ ਸਾਰਿਆਂ ਲਈ ਇੱਕੋ ਜਿਹਾ ਤਰੀਕਾ ਅਪਣਾਉਣਾ ਚਾਹੀਦਾ ਹੈ। ਸਾਰਿਆਂ ਲਈ ਇੱਕੋ ਜਿਹਾ ਤਰੀਕਾ ਵਰਤਣ ਨਾਲ ਅਹਿਮ ਕਮੀਆਂ ਰਹਿ ਸਕਦੀਆਂ ਹਨ, ਜਿਸ ਨਾਲ ਸੱਟ ਲੱਗਣ ਦਾ ਖਤਰਾ ਵਧ ਜਾਂਦਾ ਹੈ।"

ਜਿਹੜੇ ਨੌਜਵਾਨ ਵਰਕਰ ਮਹਿਸੂਸ ਕਰਦੇ ਹਨ ਕਿ ਉਹਨਾਂ ਦੀਆਂ ਚਿੰਤਾਵਾਂ ਨੂੰ ਹੱਲ ਨਹੀਂ ਕੀਤਾ ਗਿਆ, ਉਹ ਰੋਕਥਾਮ ਅਧਿਕਾਰੀ ਨਾਲ ਗੁਪਤ ਤੌਰ 'ਤੇ ਗੱਲ ਕਰਨ ਲਈ ਵਰਕਸੇਫਬੀਸੀ ਦੀ ਰੋਕਥਾਮ ਜਾਣਕਾਰੀ ਲਾਈਨ ਨਾਲ 1-888-621-7233 'ਤੇ ਸੰਪਰਕ ਕਰ ਸਕਦੇ ਹਨ।

## ਵਸੀਲੇ

Worksafebc.com ਨੌਜਵਾਨ ਵਰਕਰਾਂ, ਮਾਪਿਆਂ ਅਤੇ ਕੰਮ-ਮਾਲਕਾਂ ਨੂੰ ਸੁਰੱਖਿਆ ਸਬੰਧੀ ਮਜ਼ਬੂਤ ਆਦਤਾਂ ਬਣਾਉਣ ਵਿੱਚ ਮਦਦ ਲਈ ਕਈ ਤਰ੍ਹਾਂ ਦੇ ਮੁਫ਼ਤ ਵਸੀਲਿਆਂ ਦੀ ਪੇਸ਼ਕਸ਼ ਕਰਦਾ ਹੈ, ਜਿਨ੍ਹਾਂ ਵਿੱਚ ਆਨਲਾਈਨ ਸਾਧਨ, ਜਾਣ-ਪਛਾਣ ਸਬੰਧੀ ਚੈੱਕਲਿਸਟਾਂ ਅਤੇ ਕਲਾਸ ਰੂਮ ਵਿੱਚ ਵਰਤੋਂ ਲਈ ਤਿਆਰ ਸਮਗਰੀ ਸ਼ਾਮਲ ਹੈ।

- ਨੌਜਵਾਨ ਅਤੇ ਨਵੇਂ ਵਰਕਰ
- ਵਿਦਿਆਰਥੀ ਵਰਕਸੇਫ
- ਕੀ ਤੁਹਾਨੂੰ ਨੌਕਰੀ ਮਿਲ ਰਹੀ ਹੈ? ਸੁਰੱਖਿਆ ਬਾਰੇ ਸਵਾਲ ਪੁੱਛੋ
- ਕੰਮ-ਮਾਲਕਾਂ ਲਈ ਸਹਾਇਤਾ: ਨੌਜਵਾਨ ਅਤੇ ਨਵੇਂ ਵਰਕਰਾਂ ਲਈ ਸਿਖਲਾਈ ਅਤੇ ਜਾਣਕਾਰੀ (ਓਰੀਐਂਟੇਸ਼ਨ)
- "ਬੌਟ ਨੂੰ ਪੁੱਛਣ ਤੋਂ ਪਹਿਲਾਂ, ਆਪਣੇ ਬੌਸ ਨੂੰ ਪੁੱਛੋ" ਮੁਹਿੰਮ

-30-

## ਵਰਕਸੇਫਬੀਸੀ ਬਾਰੇ

*ਵਰਕਸੇਫਬੀਸੀ ਗੈਰ-ਮੁਨਾਫ਼ਾ ਵਰਕਰਜ਼ ਕੰਪਨਸੇਸ਼ਨ ਸਿਸਟਮ ਚਲਾਉਂਦਾ ਹੈ ਜਿਸ ਨੂੰ ਸਿਰਫ਼ ਕੰਮ-ਮਾਲਕਾਂ ਦੁਆਰਾ ਦਿੱਤੀਆਂ ਜਾਂਦੀਆਂ ਬੀਮੇ ਦੀਆਂ ਕਿਸ਼ਤਾਂ (ਪ੍ਰੀਮੀਅਮ) ਅਤੇ ਨਿਵੇਸ਼ ਤੋਂ ਹੋਏ ਲਾਭ ਦੁਆਰਾ ਫੰਡ ਮਿਲਦੇ ਹਨ। ਇਹ ਸੰਸਥਾ ਪੂਰੇ ਬੀ ਸੀ ਵਿੱਚ 2.7 ਮਿਲੀਅਨ ਵਰਕਰਾਂ ਅਤੇ 286,000 ਕੰਮ-ਮਾਲਕਾਂ ਦੀ ਨੋ-ਫਾਲਟ (ਹਾਦਸਾ ਭਾਵੇਂ ਕਿਸੇ ਨੇ ਵੀ ਕੀਤਾ ਹੋਵੇ) ਕੰਮ ਵਾਲੀ ਥਾਂ ਦੀ ਇੰਸ਼ੋਰੈਂਸ ਕਰਦੀ ਹੈ। ਵਰਕਸੇਫਬੀਸੀ ਬੀ. ਸੀ. ਵਿੱਚ ਸੱਟ, ਬਿਮਾਰੀ ਅਤੇ ਅਪੰਗਤਾ ਨੂੰ ਰੋਕਣ ਲਈ ਵਰਕਰਾਂ ਅਤੇ ਕੰਮ-ਮਾਲਕਾਂ ਨੂੰ ਸ਼ਾਮਲ ਕਰਦਾ ਹੈ। ਜਦੋਂ ਕੰਮ ਨਾਲ ਸਬੰਧਿਤ ਸੱਟਾਂ ਲੱਗਦੀਆਂ ਹਨ ਜਾਂ ਬਿਮਾਰੀਆਂ ਹੁੰਦੀਆਂ ਹਨ, ਤਾਂ ਵਰਕਸੇਫਬੀਸੀ ਵਰਕਰਾਂ ਨੂੰ ਉਹਨਾਂ ਦੀ ਸਿਹਤਯਾਬੀ (ਰਿਕਵਰੀ), ਮੁੜ-ਬਹਾਲੀ (ਰੀਹੈਬਲੀਟੇਸ਼ਨ) ਅਤੇ ਕੰਮ' ਤੇ ਸੁਰੱਖਿਅਤ ਵਾਪਸੀ ਦੌਰਾਨ ਮੁਆਵਜ਼ਾ ਅਤੇ ਸਹਾਇਤਾ ਦਿੰਦਾ ਹੈ।*

## ਵਧੇਰੇ ਜਾਣਕਾਰੀ ਲਈ, ਸੰਪਰਕ ਕਰੋ:

ਮੀਡੀਆ ਰੀਲੇਸ਼ਨਜ਼, ਵਰਕਸੇਫਬੀਸੀ
ਈਮੇਲ: media@worksafebc.com
ਟੈਲੀਫੋਨ: 604-276-5157